# ਜ਼ਿੰਦਗੀ ਦੇ ਅਸੀਮ ਅਨੁਭਵਾਂ ਦਾ ਕਾਵਿ ਚਿਤਰਨ: " ਪਾਰ ਗਾਥਾ"

## ਅਰਵਿੰਦਰ ਕਾਕੜਾ

*ਪੁਸਤਕ: "ਪਾਰ ਗਾਥਾ(ਕਾਵਿ ਸੰਗ੍ਰਹਿ - 2020) - ਕਵੀ: ਰਵਿੰਦਰ ਰਵੀ*

*ਪੰਨੇ: 156 - ਕੀਮਤ: 320 ਰੁਪਏ - ਪ੍ਰਕਾਸ਼ਕ: ਨੈਸ਼ਨਲ ਬੁੱਕ ਸ਼ਾਪ, ਦਿੱਲੀ*

ਰਵਿੰਦਰ ਰਵੀ ਆਧੁਨਿਕ ਪੰਜਾਬੀ ਕਵਿਤਾ ਵਿੱਚ ਉਹ ਨਾਮਵਰ ਹਸਤਾਖਰ ਹੈ, ਜੁ ਕਾਵਿ ਸਿਰਜਨਾ ਵਿੱਚ ਕਾਰਜਸ਼ੀਲ ਹੋ ਕੇ ਯਥਾਰਥੀ ਪੇਸ਼ਕਾਰੀ ਰਾਹੀਂ ਨਵੇਂ ਨਵੇਂ ਪ੍ਰਯੋਗ ਕਰਦਾ ਹੈ। ਸੋਸ਼ਲ ਮੀਡੀਆ 'ਤੇ ਸਰਗਰਮ ਹੋਣ ਕਰਕੇ ਉਸ ਦੀ ਕਵਿਤਾ ਵਿਚਲੇ ਨਵੇਂ ਨਵੇਂ ਅਨੁਭਵ ਪਾਠਕਾਂ ਨੂੰ ਪੜ੍ਹਨ ਨੂੰ ਮਿਲਦੇ ਹਨ। ਉਸ ਦੀ ਚਿੰਤਨੀ ਸੂਝ ਵਿਸ਼ਵੀ ਸਰੋਕਾਰਾਂ ਨੂੰ ਆਪਣੇ ਕੁਲਾਵੇ ਵਿੱਚ ਲੈਂਦੀ ਹੋਈ, ਅੰਦਰੂਨੀ ਤੇ ਬਾਹਰੀ, ਅਨੇਕਾਂ ਵਿਸੰਗਤੀਆਂ ਨੂੰ ਪ੍ਰਗਟਾਉਂਦੀ ਹੈ। ਮਨੁੱਖ ਦੇ ਅੰਤਰੀਵ ਸੰਸਾਰ ਦੀ ਹਲਚਲ ਸੁਣਦੀ ਰਵਿੰਦਰ ਰਵੀ ਦੀ ਸੰਵੇਦਨਾ ਕਾਵਿ ਰੂਪ ਵਿੱਚ ਸਮਾਉਂਦੀ ਹੋਈ ਦਾਰਸ਼ਨਿਕ ਪੈਂਡਿਆਂ ਵਲ ਮੁੜਦੀ ਹੈ। 83ਵੇਂ ਵਰ੍ਹੇ ਦੀ ਉਮਰ ਵਿੱਚ ਵੀ ਕਾਵਿ ਸਫਰ ਦੇ ਨਵੇਂ ਦਿਸਹੱਦਿਆਂ ਦੀ ਤਲਾਸ਼ ਵੱਲ ਵਧਦਾ ਕਵੀ 24ਵਾਂ ਕਾਵਿਸੰਗ੍ਰਹਿ ਲੈ ਕੇ ਹਾਜ਼ਰ ਹੁੰਦਾ ਹੈ। ਇਸ ਪੁਸਤਕ ਵਿੱਚੋਂ ਗੁਜ਼ਰਦਿਆਂ 67 ਕਵਿਤਾਵਾਂ ਵਿਚਲੀ ਧੁਨੀ ਯਥਾਰਥੀ ਅਨੁਭਵ ਅਤੇ ਵਰਤਾਰੇ ਬਾਰੇ ਪ੍ਰਤਿਕਰਮ ਨੂੰ ਅਭਿਵਿਅਕਤ ਕਰਦਿਆਂ ਜੀਵਨ ਦੀਆਂ ਅਨੰਤ ਨੁੱਕਰਾਂ ਪੇਸ਼ ਕਰਦੀ ਸਾਹਮਣੇ ਆਉਂਦੀ ਹੈ। ਰਵੀ ਜ਼ਿੰਦਗੀ ਦੇ ਅਰਥਾਂ ਨੂੰ ਵਿਸਥਾਰਿਤ ਕਰਦਾ ਹੋਇਆ 'ਪਾਰ ਗਾਥਾ' ਕਵਿਤਾ ਵਿੱਚ ਲਿਖਦਾ ਹੈ। ਇਹੀ ਕਵਿਤਾ ਪੁਸਤਕ ਦਾ ਸਾਰੰਸ਼ ਬਣਦੀ ਹੈ:

ਜ਼ਿੰਦਗੀ,

ਇਕ ਅਧੂਰੀ ਤਸਵੀਰ ਹੈ,

ਜੁ ਹਰ ਨਵੀਂ ਪੀੜ੍ਹੀ ਨੂੰ,

ਮੁਕੰਮਲ ਕਰਨ ਲਈ,

ਫੜਾ ਦਿੱਤੀ ਜਾਂਦੀ ਹੈ।

ਪਰ ਜ਼ਿੰਦਗੀ ਪਕੜੀ ਨਹੀਂ ਜਾਂਦੀ,

ਇਹ ਪੀੜ੍ਹੀਆਂ ਦੀ ਪਾਰ ਗਾਥਾ ਹੈ!

ਕਵੀ "ਹੁਣਵਾਦ" ਵਰਗੇ ਨਵੇਂ ਸੰਕਲਪ ਘੜਦਾ ਹੋਇਆ ਚਿੰਤਕਾਂ ਦੇ ਲਈ ਚਿੰਤਨ ਮੰਥਨ ਕਰਨ ਵਾਸਤੇ ਸਪੇਸ ਪ੍ਰਦਾਨ ਕਰਦਾ ਹੈ, ਜਿਸ ਤਹਿਤ ਜੀਵਨ ਫਲਸਫੇ ਤੇ ਪਛਾਣਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ। ਇਹ ਕਵਿਤਾ ਵਰਤਮਾਨ ਦੇ ਚੌਖਟ 'ਚ ਖੜ੍ਹੀ, ਸੁਰ ਅਲਾਪਦੀ ਹੋਈ, ਅਤੀਤ ਤੇ ਵਰਤਮਾਨ ਨੂੰ ਨਾਲੋ ਨਾਲ ਰੱਖਦੀ ਹੈ। ਜ਼ਿੰਦਗੀ ਦੇ "ਖਾਮੋਸ਼ ਪਲਾਂ ਦੀ ਦਾਸਤਾਨ" ਸੁਣਦਾ ਹੋਇਆ ਕਵੀ

ਪ੍ਰਕਿਰਤਕ ਚਿੰਨ੍ਹਾਂ ਨਾਲ ਜ਼ਿੰਦਗੀ ਦੀਆਂ ਲੁਕਵੀਆਂ ਪਰਤਾਂ ਮਾਪਦਾ ਹੈ।ਇਸ ਕਵਿਤਾ ਵਿਚਲਾ ਪਾਤਰ ਕਿਤੇ "ਆਦਮ ਹੱਵਾ ਦਾ ਤਰਕ ਸ਼ਾਸਤਰ" ਲਿਖਦਾ ਹੈ ਅਤੇ ਕਿਤੇ ਬਾਹਰੀ ਬ੍ਰਹਮੰਡ ਵਿਚਲੇ ਪਾਸਾਰੇ ਨੂੰ, ਥਾਹ ਪਾਉਣ ਲਈ, ਅੱਗੇ ਲਿਆਉਂਦਾ ਹੈ। ਇਹ ਕਵਿਤਾ ਮਨੁੱਖੀ ਹੋਂਦ ਨੂੰ ਸਾਕਾਰਿਤ ਕਰਨ ਲਈ ਜ਼ਿੰਦਗੀ ਦੇ ਹੁਸੀਨ ਪਲਾਂ ਅੰਦਰ ਭਾਵਾਂ ਦੀ ਲੁਕਨਮੀਟੀ ਖੇਡਦੀ ਹੈ, ਜਿਸ ਵਿੱਚ ਮਨੁੱਖ ਦੀ ਸਵੈ ਪਛਾਣ, ਸਵੈ ਹੋਂਦ ਬਰਕਰਾਰ ਰੱਖਣ ਲਈ, ਊਰਜਾ ਦਾ ਪਰਵਾਹ ਨਵੇਂ ਨਵੇਂ ਤਜਰਬਿਆਂ ਰਾਹੀਂ ਅਭਿਵਿਅਕਤ ਹੁੰਦਾ ਹੈ। ਇਹ ਕਵਿਤਾ ਮਨੁੱਖ ਦੇ ਅੰਦਰ ਦੀ ਆਵਾਜ਼ ਸੁਣਦੀ ਹੋਈ ਜੀਵਨ ਵਿੱਚ ਪੂਰਨਤਾ ਲਿਆਉਣ ਲਈ ਤੱਤਪਰ ਹੁੰਦੀ ਹੈ। ਸਮੇਂ ਦੀ ਤੋਰ ਪਛਾਨਣ ਲਈ ਇਸ ਕਾਵਿਕ ਪ੍ਰਕਿਰਿਆ ਅੰਦਰ ਵੱਖੋ-ਵੱਖਰੇ ਅਰਥਾਂ ਦੀ ਵਿਆਕਰਨ ਬਣਦੀ ਹੈ। ਕਵਿਤਾ 'ਸੂਰਜ ਦੇ ਨਾਲ ਨਾਲ' ਜਿੱਥੇ ਬ੍ਰਹਮੰਡ ਦੇ ਵਜੂਦ ਨੂੰ ਅਰਥ ਦੇਣ ਦੀ ਭਾਸ਼ਾ ਤੇ ਸ਼ਬਦਾਂ ਦੇ ਰੋਲ ਨੂੰ ਨਾਲੋ ਨਾਲ ਰੱਖਦੀ ਹੈ, ਉੱਥੇ ਸਮੇਂ ਦੀ ਨਬਜ਼ ਪਛਾਣਦੀ ਕਵਿਤਾ 'ਕਾਲ ਦੇ ਨਾਲ ਨਾਲ' ਵੇਖੀ ਜਾ ਸਕਦੀ ਹੈ, ਜੁ ਰਵਾਇਤੀ ਅਰਥਾਂ ਤੋਂ ਵੱਖਰੇ ਅਰਥ ਸਿਰਜਣ ਦੀ ਸਮਰੱਥਾ ਰੱਖਦੀ ਹੈ। ਕਵੀ ਮਨੁੱਖ ਦੀਆਂ ਮਾਨਸਿਕ ਉਲਝਣਾਂ ਵਿਚਲੇ ਤਣਾਵਾਂ ਬਾਰੇ ਜ਼ਿਕਰ ਕਰਦਾ ਹੋਇਆ ਮਨੁੱਖ ਅੰਦਰ ਚੱਲਦੇ ਯੁੱਧ ਦੀ ਬਾਤ ਵੀ ਪਾਉਂਦਾ ਹੈ। ਮਨੁੱਖ ਅੰਦਰਲਾ ਦਵੰਧ ਜਦੋਂ ਟੁੱਟਦਾ ਹੈ, ਤਾਂ ਉਸ ਵਿੱਚੋਂ ਜੁ ਸਬਕ ਨਿਕਲਦਾ ਹੈ, ਉਹ ਕਿਸੇ ਮੁਕਾਮ ਲਈ ਪ੍ਰੇਰਿਤ ਵੀ ਸਾਬਤ ਹੁੰਦਾ ਹੈ।'ਲੜਾਈ', 'ਆਤਮ ਦਰਸ਼ਨ', 'ਵਿਕਾਸ ਤੇ ਵਿਨਾਸ਼', 'ਸਭ ਤੋਂ ਵੱਡਾ ਮਹਾਂ ਯੁੱਧ' ਕਵਿਤਾਵਾਂ ਇਸ ਸੰਦਰਭ ਵਿੱਚ ਵੇਖੀਆਂ ਜਾ ਸਕਦੀਆਂ ਹਨ।

ਕਵੀ ਜ਼ਿੰਦਗੀ ਵਿੱਚ ਮੁਹੱਬਤ ਨੂੰ ਖਾਸ ਜਗ੍ਹਾ ਪ੍ਰਦਾਨ ਕਰਦਾ ਹੈ, ਇਸ ਲਈ ਇਨ੍ਹਾਂ ਕਵਿਤਾਵਾਂ ਵਿਚਲੀ ਮੁਹੱਬਤੀ ਧੁਨੀ ਵੱਖੋ ਵੱਖਰੇ ਪਾਸਾਰਾਂ ਰਾਹੀਂ ਪ੍ਰਗਟਾਈ ਹੈ। ਪਿਆਰ ਦਾ ਅਰਥ, ਪਰਿਭਾਸ਼ਾ, ਮੁਹੱਬਤ ਦੀ ਤਲਾਸ਼, ਹਕੀਕੀ ਮੁਹੱਬਤ, ਮਿਲਾਪ ਦੀ ਤਾਂਘ, ਮੁਹੱਬਤ ਵਿਚਲਾ ਬਦਲਾਅ ਆਦਿ ਅਨੇਕਾਂ ਵਿਸ਼ੇ ਸਾਹਮਣੇ ਆਉਂਦੇ ਹਨ, ਜੁ 'ਮੂੰਹ-ਜ਼ਬਾਨੀ ਇਸ਼ਕ', 'ਪਿਆਰ ਦੀ ਪਰਿਭਾਸ਼ਾ', 'ਪਿਆਰ', 'ਇਕ ਚਿਹਰੇ ਦੀ ਤਲਾਸ਼', 'ਰੁੱਸੇ ਮੌਸਮ' ਆਦਿ ਕਵਿਤਾਵਾਂ ਵਿੱਚੋਂ ਵੇਖੇ ਜਾ ਸਕਦੇ ਹਨ।

ਕਵੀ  ਮੰਡੀ ਦੇ ਸੱਭਿਆਚਾਰ ਵਿਚਲੀਆਂ ਅਲਾਮਤਾਂ ਉੱਪਰ ਵੀ ਉਂਗਲ ਰੱਖਦਾ ਹੈ। ਇਸ ਪੇਸ਼ਾਮੁਖੀ ਪਰਵਿਰਤੀ ਨੇ ਮਨੁੱਖ ਨੂੰ ਆਪੇ 'ਤੇ ਸਮੇਟ ਕੇ ਰੱਖ ਦਿੱਤਾ ਹੈ। ਸਵੈ-ਕੇਂਦ੍ਰਿਤ ਮਨੁੱਖ ਸਿਰਫ ਆਪਣੇ ਮੁਨਾਫੇ ਤੋਂ ਬਿਨਾਂ ਕੁਝ ਨਹੀਂ ਸੋਚਦਾ। ਅਜਹਿ ਪ੍ਰਵਿਰਤੀ ਮਨੁੱਖ ਨੂੰ ਸੰਵੇਦਨ-ਹੀਣ ਬਣਾ ਰਹੀ ਹੈ। ਕਵੀ ਠੀਕ ਹੀ ਆਖਦਾ ਹੈ:

ਅਸੀਂ ਤੁਰਦੇ ਫਿਰਦੇ,

ਬਰਫ ਦੇ ਘਰ,

ਬਰਫ ਦੇ ਵਜੂਦ -

ਠੰਡੇ, ਯੱਖ,

ਅਹਿਸਾਸ-ਹੀਣ ਹੋ ਗਏ ਹਾਂ।

ਇਸ ਪੁਸਤਕ ਵਿਚਲੀ ਕਵਿਤਾ ਦੇ ਰਾਜਸੀ ਪਾਸਾਰ ਵਿੱਚ ਵੀ ਭਾਰਤ ਤੇ ਪਾਕਿਸਤਾਨ ਵਿੱਚ ਬਣੇ ਸੰਬੰਧਾਂ ਨੂੰ ਦਰਸਾਇਆ ਗਿਆ ਹੈ ਤੇ ਦੋਂਹਾਂ ਮੁਲਕਾਂ ਵਿੱਚ ਚੱਲਦੀ ਖਿੱਚੋਤਣ ਨੂੰ ਵਾਚਿਆ ਗਿਆ ਹੈ। ਭਾਰਤ ਪਾਕਿ ਵੰਡ ਤੋਂ ਬਾਅਦ ਇਕ ਸੁਖਾਲਾ ਮਾਹੌਲ ਦੂਰ ਦੀ ਗੱਲ ਬਣ ਗਿਆ ਹੈ। ਕਵੀ ਬਿੰਬਾਂ ਤੇ ਪ੍ਰਤੀਕਾਂ ਦੀ ਵਰਤੋਂ ਕਰਦਿਆਂ ਕਟਾਕਸ਼ੀ ਲਹਿਜੇ ਨਾਲ ਕਵਿਤਾ ਅੰਦਰ ਰਾਜਸੀ ਰੰਗ ਭਰਦਾ ਹੈ। 'ਊਲ ਜਲੂਲ ਬਾਂਦਰ ਨਾਟਕ', 'ਭਾਰਤ ਪਾਕਿ ਅਮਨ ਵਾਰਤਾਲਾਪ' ਇਸੇ ਭਾਵ ਨੂੰ ਪ੍ਰਗਟਾਉਂਦੀਆਂ ਕਵਿਤਾਵਾਂ ਹਨ। ਇਸੇ ਤਰ੍ਹਾਂ ਭਾਰਤੀ ਰਾਜਸੀ ਪ੍ਰਬੰਧ ਦੇ ਕਿਰਦਾਰ ਨੂੰ ਪੇਸ਼ ਕਰਦੀਆਂ ਕਵਿਤਾਵਾਂ ਵੀ ਇਸ ਸੰਗ੍ਰਹਿ ਵਿੱਚ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਵਿੱਚ ਨਸ਼ੇ, ਰੋਗ, ਤਸਕਰੀ, ਜੁਰਮ, ਪ੍ਰਦੂਸ਼ਣ, ਬੇਕਾਰੀ, ਗ਼ਰੀਬੀ ਤੇ ਕਰਜ਼ਦਾਰੀ ਨੂੰ ਬਿਆਨ ਕੀਤਾ ਗਿਆ ਹੈ। 'ਨੀਰੋ ਨੇਤਾ', 'ਪ੍ਰਦੂਸ਼ਤ ਲੋਕਾਂ ਦਾ ਮਹਾਂ ਭਾਰਤ' ਕਵਿਤਾਵਾਂ ਵਿਚਲੀ ਸੁਰ ਇਨ੍ਹਾਂ ਅੰਸ਼ਾਂ ਨੂੰ ਉਭਾਰਦੀ ਹੈ। ਕਵੀ ਠੀਕ ਆਖਦਾ ਹੈ:

ਬੇਕਾਰੀ, ਗ਼ਰੀਬੀ ਤੇ ਕਰਜ਼ਾ,

ਲੋਕਤੰਤਰ ਦੇ ਫਲ ਹਨ,

ਜੁ ਕੇਵਲ ਨੇਤਾਵਾਂ ਨੂੰ ਰਾਸ ਆਉਂਦੇ ਹਨ!!!

ਉਹ ਆਪ ਸੁਪਨੇ ਜਿਉਂਦੇ, ਪਰ

ਦੂਜਿਆਂ ਨੂੰ ਸੁਪਨੇ ਵਿਖਾਉਂਦੇ ਹਨ!!!

ਇਸ ਸੰਗ੍ਰਹਿ ਵਿੱਚ ਹੋਰ ਵੀ ਮਹੱਤਵਪੂਰਨ ਕਵਿਤਾਵਾਂ ਹਨ, ਜਿਵੇਂ 'ਜ਼ਿੰਦਗੀ ਇਕ ਫਿਲਮ', 'ਫਾਇਰ ਪਲੇਸ', 'ਇੱਕ ਦੀ ਸਿੰਫਨੀ', 'ਬੋਰਡਮ', 'ਹਵਾ ਵਿੱਚ ਹਵਾ', 'ਨਵੇਂ ਸਾਲ ਦਾ ਤੁਹਫਾ', 'ਤੰਗ ਜੁੱਤੀ', 'ਦਰੋਪਤੀ ਦੀ ਸਾੜ੍ਹੀ ਤੇ ਯੁੱਧ' ਆਦਿ। ਕੁੱਲ ਮਿਲਾ ਕੇ ਇਹ ਸਾਰੀਆਂ ਕਵਿਤਾਵਾਂ ਜੀਵਨ ਦੀ ਨਿਰੰਤਰਤਾ ਵਿਚਲੀ ਤੋਰ ਦੀ ਪਹਿਚਾਣ ਕਰਦੀਆਂ ਤੇ ਕਾਵਿਕ ਸੁਹਜ ਨਾਲ ਲਬਰੇਜ਼ ਹੋਣ ਕਰਕੇ ਪਾਠਕਾਂ ਦਾ ਧਿਆਨ ਮੰਗਦੀਆਂ ਹਨ।

ਇਸ ਪੁਸਤਕ ਦੀ 'ਅੰਤਿਕਾ' ਵਿੱਚ ਰਵਿੰਦਰ ਰਵੀ ਬਾਰੇ ਖੋਜ, ਜੀਵਨ ਸਨਮਾਨਾਂ ਬਾਰੇ ਵੇਰਵੇ ਅਤੇ 'ਪੁਸਤਕ ਦਰਸ਼ਨ' ਵਾਲੇ ਭਾਗ ਵਿੱਚ ਕੁਝ ਪੁਸਤਕਾਂ ਦੇ ਰੀਵੀਊ ਵੀ ਸ਼ਾਮਿਲ ਕੀਤੇ ਗਏ ਹਨ। ਜੇਕਰ ਇਹ ਨਾਂ ਹੁੰਦੇ ਤਾਂ ਪੁਸਤਕ ਦੀ ਹੋਰ ਵੱਖਰੀ ਪਹਿਚਾਣ ਬਣਦੀ।

## ਰੀਵੀਊਕਾਰ: ਅਰਵਿੰਦਰ ਕਾਕੜਾ

'ਨਵਾਂ ਜ਼ਮਾਨਾ', ਜਲੰਧਰ, ਭਾਰਤ

23 ਫਰਵਰੀ, 2020